# ਲੋਕਾਂ ਦਾ ਘੋਲ ਹੀ ਹੱਕਾਂ ਦੀ ਰਾਖੀ ਕਰ ਸਕਦਾ ਹੈ

ਨੰਦੀਗਰਾਮ `ਚ ਹਕੂਮਤੀ ਤਸ਼ੱਦਦ ਲੋਕਾਂ ਤੇ ਜਾਰੀ ਹੈ। ਤਾਜ਼ੀਆਂ ਖ਼ਬਰਾਂ ਮੁਤਾਬਿਕ ਕੇਂਦਰੀ ਸਰਕਾਰ ਨੇ ਵੀ ਸੀ ਆਰ ਪੀ ਐਫ਼ ਦੀਆਂ ਕਈ ਟੁਕੜੀਆਂ ਉਥੇ ਲੋਕਾਂ ਦੇ ਘੋਲ ਨੂੰ ਕੁਚਲਣ ਲਈ ਭੇਜ ਦਿੱਤੀਆਂ ਹਨ ਅਤੇ ਦੱਸਿਆ ਜਾਂਦਾ ਹੈ ਕਿ ਇਹ ਨੀਮ ਫੌਜੀ ਦਸਤੇ ਉਥੇ ਪੱਛਮੀ ਬੰਗਾਲ ਦੀ ਸਰਕਾਰ ਦੀ ਮੰਗ ਨਾਲ ਹੀ ਤਾਇਨਾਤ ਕੀਤੇ ਗਏ ਹਨ। ਨੰਦੀਗਰਾਮ ਵਿਚ ਪਿਛਲੇ ਕੁਝ ਅਰਸੇ ਤੋਂ ਲੋਕ ਆਪਣੀ ਜ਼ਮੀਨ ਅਤੇ ਆਪਣੇ ਰੁਜ਼ਗਾਰ ਨੂੰ ਬਚਾਉਣ ਲਈ ਤੇਜ਼ ਘੋਲ ਚਲਾ ਰਹੇ ਹਨ। ਪੱਛਮੀ ਬੰਗਾਲ ਦੀ ਸੀ ਪੀ ਆਈ (ਐਮ) ਦੀ ਸਰਕਾਰ ਅਤੇ ਕਾਂਗਰਸ ਦੀ ਕੇਂਦਰੀ ਸਰਕਾਰ ਦੋਵੇਂ ਹੀ ਨੰਦੀਗਰਾਮ ਦੇ ਲੋਕਾਂ ਦੀ ਜ਼ਮੀਨ ਟਾਟੇ ਨੂੰ ਦੇਣ ਦੇ ਹੱਕ ਵਿਚ ਹਨ। ਪਰ ਨੰਦੀਗਰਾਮ ਦੇ ਲੋਕ ਇਸ ਗੱਲ ਦੇ ਬਿਲਕੁਲ ਖ਼ਿਲਾਫ਼ ਹਨ। ਉਹ ਆਪਣੀ ਜ਼ਮੀਨ, ਆਪਣੀ ਹੋਂਦ ਗੁਆਉਣਾ ਨਹੀਂ ਚਾਹੁੰਦੇ। ਉਹ ਆਪਣੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਘੋਲ ਕਰ ਰਹੇ ਹਨ।

ਸੀ ਪੀ ਆਈ(ਐਮ) ਦੀ ਪੱਛਮੀ ਬੰਗਾਲ ਦੀ ਸਰਕਾਰ ਅਤੇ ਕੇਂਦਰੀ ਸਰਕਾਰ  ਨੰਦੀਗਰਾਮ ਦੇ ਲੋਕਾਂ ਦਾ ਇਹ ਘੋਲ ਬਰਦਾਸ਼ਤ ਨਹੀਂ ਕਰ ਸਕਦੀਆਂ ਕਿਉਂਕਿ ਉਹ ਹਿੰਦੁਸਤਾਨ ਦੇ ਹੋਰਨਾਂ ਇਲਾਕਿਆਂ ਵਿਚ ਕਈ ਹੋਰ ਨੰਦੀਗਰਾਮ ਬਣਾਉਣਾ ਚਾਹੁੰਦੇ ਹਨ। ਇਹ ਹਿੰਦੁਸਤਾਨੀ ਅਤੇ ਬਾਹਰਲੇ ਸਰਮਾਏਦਾਰਾਂ ਦੀ ਲੋੜ ਹੈ। ਸਰਮਾਏਦਾਰੀ ਲਈ ਇਹ ਬਹੁਤ ਜ਼ਰੂਰੀ ਹੈ ਕਿ ਰਾਜਤੰਤ੍ਰ ਲੋਕਾਂ ਦੇ ਕੁਦਰਤੀ ਵਸੀਲਿਆਂ ਨੂੰ ਮੁਨਾਫ਼ਿਆਂ ਲਈ ਸਰਮਾਏਦਾਰਾਂ ਦੇ ਹੱਥ ਦੇ ਦੇਵੇ। ਸਰਕਾਰ ਵਲੋਂ ਜਿੰਦਲ ਕੰਪਨੀ ਨੂੰ ਝਾਰਖੰਡ ਵਿਚ ਦਸ ਹਜ਼ਾਰ ਏਕੜ ਜ਼ਮੀਨ ਦੇਣ ਦਾ ਐਲਾਨ ਵੀ ਕੀਤਾ ਗਿਆ ਹੈ ਅਤੇ ਸਰਕਾਰ ਦੇ ਇਸ ਫੈਸਲੇ ਦੇ ਵਿਰੁਧ ਝਾਰਖੰਡ ਦੇ ਲੋਕਾਂ ਨੇ ਘੋਲ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿਚ ਵੀ ਅੰਬਾਨੀ ਨੂੰ ਸਰਕਾਰੀ ਜ਼ਮੀਨ ਦੇਣ ਬਾਰੇ ਬਹੁਤ ਰੌਲਾ ਪਿਆ ਹੋਇਆ ਹੈ। ਟਾਟਾ, ਬਿਰਲਾ, ਅੰਬਾਨੀ ਜਾਂ ਜਿੰਦਲ ਲੋਕਾਂ ਦੀ ਜ਼ਮੀਨ ਆਪ ਨਹੀਂ ਹਥਿਆ ਸਕਦੇ। ਇਹ ਕੰਮ ਆਪ ਨਹੀਂ ਕਰ ਸਕਦੇ। ਇਸ ਲਈ ਲੋਕਾਂ ਤੋਂ ਜ਼ਮੀਨਾਂ ਖੋਹਣ ਤੇ ਸਰਮਾਏਦਾਰਾਂ ਨੂੰ ਦੇਣ ਦਾ ਕੰਮ ਸਰਕਾਰ ਅਤੇ ਰਾਜਤੰਤ੍ਰ ਕਰ ਰਹੇ ਹਨ। ਵਜ਼ੀਰੇ ਆਜ਼ਮ ਮਨਮੋਹਨ ਸਿੰਘ ਨੇ ਹਾਲ ਵਿਚ ਹੀ ਐਲਾਨ ਕੀਤਾ ਹੈ ਕਿ ਜ਼ਮੀਨ ਬਾਰੇ 1894 ਦੇ ਕਾਨੂੰਨ ਵਿਚ ਤਰਮੀਮ ਕੀਤੀ ਜਾਵੇਗੀ ਤੇ ਇਕ ਨਵਾਂ ਸਰਕਾਰੀ ਅਦਾਰਾ ਨੈਸ਼ਨਲ ਲੈਂਡ ਅਥੌਰਟੀ ਬਣਾਇਆ ਜਾਵੇਗਾ ਜਿਹੜਾ ਲੋਕਾਂ ਦੀਆਂ ਜ਼ਮੀਨਾਂ ਖੋਹਣ ਕੇ ਸਰਮਾਏਦਾਰਾਂ ਨੂੰ ਦੇਣ ਦਾ ਕੰਮ ਕਰੇਗਾ।

ਹਿੰਦੁਸਤਾਨੀ ਅਤੇ ਬਾਹਰਲੇ ਸਰਮਾਏ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣਾ ਪਸਾਰਾ ਕਰੇ। ਸਰਮਾਏ ਨੂੰ ਕਿਤੇ ਲਾਏ ਬਗੈਰ ਸਰਮਾਇਆ ਮੁਨਾਫ਼ਾ ਨਹੀਂ ਵਧਾ ਸਕਦਾ। ਇਹ ਸਰਮਾਏ ਦੀ ਲੋੜ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਆਲਮੀ ਬੈਂਕ((ਵਰਲਡ ਬੈਂਕ) ਵਾਲੇ ਵੀ ਇਸ ਗੱਲ ਤੇ ਜ਼ੋਰ ਦੇ ਰਹੇ ਹਨ। ਟਾਟਾ, ਬਿਰਲਾ, ਅੰਬਾਨੀ, ਜਿੰਦਲ ਅਤੇ ਹੋਰਨਾਂ ਨੇ ਅਰਬਾਂ ਖਰਬਾਂ ਦਾ ਸਰਮਾਇਆ ਲੋਕਾਂ ਦੀ ਲੁੱਟ ਕਰਕੇ ਜਮ੍ਹਾਂ ਕਰ ਲਿਆ ਹੈ। ਇਸ ਸਰਮਾਏ ਨੂੰ ਲਾਉਣ ਲਈ ਅਤੇ ਆਪਣੇ ਮੁਨਾਫ਼ੇ ਵਧਾਉਣ ਲਈ ਉਨ੍ਹਾਂ ਨੂੰ ਥਾਂ ਚਾਹੀਦੀ ਹੈ। ਤਿਜੋਰੀਆਂ ਜਾਂ ਬੈਂਕਾਂ ਵਿਚ ਪਿਆ ਇਹ ਸਰਮਾਇਆ ਉਨ੍ਹਾਂ ਲਈ ਕਿਸੇ ਵੀ ਕੰਮ ਦਾ ਨਹੀਂ। ਆਪਣੇ ਮੁਨਾਫ਼ਿਆਂ ਨੂੰ ਵੱਧ ਤੋਂ ਵੱਧ ਵਧਾਉਣ ਲਈ ਉਨ੍ਹਾਂ ਨੂੰ ਨੰਦੀਗਰਾਮ, ਸਿੰਗੁਰ, ਕਲਿੰਗਨਗਰ, ਝਾਰਖੰਡ, ਪੰਜਾਬ ਅਤੇ ਹੋਰਨਾਂ ਥਾਂਵਾਂ ਤੇ ਲੋਕਾਂ ਦੀਆਂ ਜ਼ਮੀਨਾਂ ਸਸਤੇ ਵਿਚ ਲੈਣ ਦੀ ਲੋੜ ਹੈ। ਬਾਹਰਲੇ ਸਰਮਾਏ ਦੀ ਵੀ ਇਹੋ ਲੋੜ ਹੈ। ਮਿਸਾਲ ਦੇ ਤੌਰ ਤੇ ਅਮਰੀਕਨ ਕੰਪਨੀਆਂ ਦੇ ਮੁਨਾਫ਼ੇ ਅਮਰੀਕਾ ਵਿਚ ਘਟ ਰਹੇ ਹਨ। ਉਨ੍ਹਾਂ ਨੂੰ ਸਰਮਾਇਆ ਕਿਤੇ ਹੋਰ ਲਾਉਣ ਦੀ ਲੋੜ ਹੈ। ਹਿੰਦੁਸਤਾਨ ਅਤੇ ਹੋਰ ਮੁਲਕਾਂ ਵਿਚ ਉਨ੍ਹਾਂ ਦੇ ਮੁਨਾਫ਼ਿਆਂ ਦੀ ਦਰ ਬਹੁਤ ਵਧ ਹੈ। ਇਸ ਲਈ ਉਹ ਆਲਮੀ ਬੈਂਕ, ਕੇਂਦਰੀ ਸਰਕਾਰ ਅਤੇ ਸੂਬਾਈ ਸਰਕਾਰਾਂ ਰਾਹੀਂ ਆਪਣੇ ਮੁਨਾਫ਼ੇ ਵਧਾਉਣ ਦਾ ਬੰਦੋਬਸਤ ਕਰ ਰਹੀਆਂ ਹਨ। ਇਹ ਕੋਈ ਨਵੀਂ ਗੱਲ ਨਹੀਂ 1960 ਦੇ ਦਹਾਕੇ ਵਿਚ ਬਰਾਜ਼ੀਲ ਅਤੇ ਦੱਖਣੀ ਅਮਰੀਕਾ ਦੇ ਹੋਰਨਾਂ ਮੁਲਕਾਂ ਵਿਚ ਵੀ ਇੰਜ ਹੀ ਕੀਤਾ ਗਿਆ ਸੀ। ਅਤੇ 19ਵੀਂ ਸਦੀ ਵਿਚ ਅਮਰੀਕਾ ਵਿਚ ਜੱਦੀ ਲੋਕਾਂ ਦਾ ਘਾਣ ਵੀ ਇੰਜ ਹੀ ਕੀਤਾ ਗਿਆ ਸੀ। ਦੱਸਿਆ ਜਾਂਦਾ ਹੈ ਕਿ 1865-1905 ਦੇ ਦੌਰਾਨ ਤਕਰੀਬਨ 80 ਲੱਖ ਜੱਦੀ ਲੋਕਾਂ ਦਾ ਕਤਲ ਅਮਰੀਕਾ ਵਿਚ ਕੀਤਾ ਗਿਆ ਸੀ ਤਾਂ ਕਿ ਸਰਮਾਇਆ ਉਨ੍ਹਾਂ ਦੀ ਜ਼ਮੀਨ, ਜੰਗਲ ਅਤੇ ਹੋਰ ਕੁਦਰਤੀ ਸਾਧਨ ਆਪਣੇ ਹੱਥ ਵਿਚ ਕਰ ਲਵੇ। ਸਕਾਟਲੈਂਡ, ਆਇਰਲੈਂਡ ਅਤੇ ਹੋਰਨਾਂ ਥਾਂਵਾਂ ਤੇ ਵੀ ਸਰਮਾਏਦਾਰਾਂ ਨੇ ਇਸ ਤਰਾਂ ਹੀ ਲੋਕਾਂ ਦਾ ਘਾਣ ਕੀਤਾ ਸੀ।

ਪੰਜਾਬ ਵਿਚ 1870 ਦੇ ਦਹਾਕੇ ਵਿਚ ਨਹਿਰਾਂ ਦਾ ਜਾਲ ਵਿਛਾ ਕੇ ਆਪਣੇ ਮੁਨਾਫ਼ੇ ਵਧਾਉਣ ਲਈ ਬਸਤੀਵਾਦੀਆਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਨੇ ਇਕ ਕਰੋੜ ਏਕੜ ਤੋਂ ਲੋਕਾਂ ਨੂੰ ਜਬਰੀ ਉਠਾ ਕੇ ਮੌਤ ਦੇ ਮੂੰਹ `ਚ ਧੱਕ ਦਿੱਤਾ ਸੀ। ਬਸਤੀਵਾਦੀਆਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਨੇ ਉਸ ਵੇਲੇ ਵੀ ਅਰਬਾਂ ਰੁਪਿਆ ਦਾ ਮੁਨਾਫ਼ਾ ਕਮਾਇਆ ਸੀ। ਉਸ ਵਕਤ ਵੀ ਬਸਤੀਵਾਦੀਆਂ ਨੇ ਇਹੋ ਦਲੀਲ ਦਿੱਤੀ ਸੀ ਜੋ ਅੱਜ ਮਨਮੋਹਨ ਸਿੰਘ, ਜੋਤੀ  ਬਾਸੂ, ਬਲਦੇਵ ਭੱਟਾਚਾਰੀਆ, ਵਰਲਡ ਬੈਂਕ ਅਤੇ ਬਾਦਲ ਦੇ ਰਹੇ ਹਨ ਕਿ ਇਹ ਉਜਾੜਾ ਲੋਕਾਂ ਦੀ ਤਰੱਕੀ ਅਤੇ ਭਲੇ ਲਈ ਹੈ। ਪਰ ਅਸਲੀਅਤ ਵਿਚ ਇਹ ਸਰਮਾਏ ਦੀ ਵਧੇਰੇ ਮੁਨਾਫ਼ਿਆਂ ਲਈ ਲੋੜ ਅਤੇ ਮੰਗ ਹੈ।

ਇਸ ਮਾਰੂ ਅਤੇ ਆਦਮਖੋਰ ਦੈਂਤ ਤੋਂ ਲੋਕ ਆਪਣਾ ਬਚਾਉ ਆਪਣੇ ਘੋਲ ਅਤੇ ਏਕਤਾ ਨਾਲ ਹੀ ਕਰ ਸਕਦੇ ਹਨ। ਉਨ੍ਹਾਂ ਨੂੰ ਆਪ ਹੀ ਆਪਣੇ ਸੰਘਰਸ਼ ਰਾਹੀਂ ਨਵੇਂ ਰਾਹ ਖੋਲ੍ਹਣ ਦੀ ਲੋੜ ਹੈ। ਇਸ ਨਵੀਂ ਉਸਾਰੀ ਨਾਲ ਹੀ ਉਹ ਸਰਬੱਤ ਦੇ ਭਲੇ ਦੀ ਗੱਲ ਕਰ ਸਕਦੇ ਹਨ ਅਤੇ ਇਸ ਆਦਮਖੋਰ ਨਿਜ਼ਾਮ ਅਤੇ ਦੈਂਤ ਨੂੰ ਹਰਾ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਆਪ ਹੀ ਅਗਵਾਈ ਦੇਣੀ ਪਵੇਗੀ ਅਤੇ ਆਪਣੇ ਹਾਲਾਤ ਤੋਂ ਸੇਧ ਲੈਣੀ ਪਵੇਗੀ। ਹਾਕਮ ਜਮਾਤਾਂ ਦੇ ਕਿਸੇ ਵੀ ਅਦਾਰੇ ਜਾਂ ਸਿਆਸੀ ਪਾਰਟੀ ਤੋਂ ਉਹ ਕੋਈ ਵੀ ਆਸ ਨਹੀਂ ਰਖ ਸਕਦੇ। ਇਹ ਸਭ ਅਦਾਰੇ ਉਨ੍ਹਾਂ ਦੀ ਲੁੱਟ ਖੋਹ ਦੇ ਹੀ ਹਥਿਆਰ ਹਨ ਅਤੇ ਸਰਮਾਏ ਦੇ ਸੇਵਾਦਾਰ ਹਨ। ਇਹ ਭਾਵੇਂ ਮਨਮੋਹਨ ਸਿੰਘ ਦੇ ਰੂਪ ਵਿਚ ਜਾਂ ਪ੍ਰਕਾਸ਼ ਕਰਾਤ ਦੇ ਰੂਪ ਵਿਚ, ਬਾਦਲ ਦੇ ਰੂਪ ਵਿਚ ਜਾਂ ਵਾਜਪਾਈ ਦੇ ਰੂਪ ਵਿਚ ਉਨ੍ਹਾਂ ਦੇ ਸਾਮ੍ਹਣੇ ਪੇਸ਼ ਹੁੰਦੇ ਹਨ ਪਰ ਇਨ੍ਹਾਂ ਦੇ ਪਿੱਛੇ ਇਹ ਆਦਮਖੋਰ ਦੈਂਤ ਹੀ ਹੈ।